ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ ਬਾਰੇ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ (ਸੈਕਸ਼ਨ 9)

3 ਦਾ 1 ਭਾਗ:
ਬ੍ਰਿਟਿਸ਼ ਕੋਲੰਬੀਆ ਵਿੱਚ ਫੈਸਲਾ ਲੈਣ ਵਾਲੇ ਬਦਲਵੇਂ ਵਿਅਕਤੀ ਨੂੰ ਕਾਨੂੰਨੀ ਤੌਰ ਤੇ ਨਿਯੁਕਤ ਕਰਨ ਬਾਰੇ ਇੱਕ ਗਾਈਡ

BC Centre for Palliative Care

QUALITY
Made for BC

ਇਹ ਦਸਤਾਵੇਜ਼ ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮਾ ਜਿਸ ਨੂੰ ਕਦੇ ਕਦੇ ਸੈਕਸ਼ਨ 9 ਪ੍ਰਤੀਨਿਧਤਾ ਇਕਰਾਰਨਾਮਾ ਵੀ ਕਹਿ ਦਿੰਦੇ ਹਾਂ, ਦੀ ਵਿਆਖਿਆ ਕਰਦਾ ਹੈ। ਇਸ ਦਾ ਉਦੇਸ਼ ਤੁਹਾਡੀ ਇਨ੍ਹਾਂ ਇਕਰਾਰਨਾਮਿਆਂ ਨੂੰ ਸਿੱਖਣ, ਸਮਝਣ ਅਤੇ ਤੁਸੀਂ ਇਸ ਨੂੰ ਕਿਵੇਂ ਬਣਾ ਸਕਦੇ ਹੋ, ਵਿੱਚ ਮਦਦ ਕਰਨਾ ਹੈ।

ਇਹ ਗਾਈਡ ਹੇਠ ਲਿਖੇ ਸੁਆਲਾਂ ਦੇ ਜੁਆਬ ਦਿੰਦੀ ਹੈ:

1. ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮਾ ਕੀ ਹੁੰਦਾ ਹੈ ?
2. ਇੱਕ ਪ੍ਰਤੀਨਿਧੀ ਕੀ-ਕੀ ਫੈਸਲੇ ਲੈ ਸਕਦਾ ਹੈ ?
3. ਤੁਹਾਨੂੰ ਇਸ ਦੇ ਬਣਾਉਣ ਦੀ ਕਿਓਂ ਲੋੜ ਪੈ ਸਕਦੀ ਹੈ ?
4. ਇਸ ਨੂ ਕੌਣ ਬਣਾ ਸਕਦਾ ਹੈ?
5. ਇਸ ਨੂੰ ਬਣਾਉਣ ਦਾ ਸਹੀ ਸਮਾਂ ਕੀ ਹੈ ?
6. ਅਸੀਂ ਕਿਸ ਨੂੰ ਪ੍ਰਤੀਨਿਧੀ ਜਾਂ ਉਸ ਦਾ ਬਦਲ ਨਿਯੁਕਤ ਕਰ ਸਕਦੇ ਹਾਂ ?
7. ਇਸ ਨੂੰ ਬਣਾਉਣ ਦੀਆਂ ਕਾਨੂੰਨੀ ਜ਼ਰੂਰਤਾਂ ਕੀ ਹਨ ?
8. ਤੁਹਾਨੂੰ ਇੱਕ ਸੰਪੂਰਨ ਇਕਰਾਰਨਾਮੇ ਦਾ ਕੀ ਕਰਨਾ ਚਾਹੀਦਾ ਹੈ ?
9. ਤੁਸੀਂ ਇੱਕ ਇਕਰਾਰਨਾਮੇ ਨੂੰ ਕਿਵੇਂ ਬਦਲ ਜਾਂ ਰੱਦ ਕਰ ਸਕਦੇ ਹੋ ?
10. ਕੀ ਹੋਵੇਗਾ ਜੇ ਤੁਹਾਡੇ ਕੋਲ ਪ੍ਰਤੀਨਿਧਤਾ ਇਕਰਾਰਨਾਮਾ ਅਤੇ ਅਡਵਾਂਸ ਡਾਇਰੈਕਟਿਵ ਦੋਵੇ ਹੋਣ ?
11. ਜੇਕਰ ਤੁਹਾਡਾ ਪ੍ਰਤੀਨਿਧੀ ਜਾਂ ਉਸ ਦਾ ਬਦਲ, ਦੋਵੇਂ ਨਾ ਹੋਣ ਤਾਂ ਕੀ ਹੋਵੇਗਾ ?
12. ਇੱਕ ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮਾ, ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ ਤੋਂ ਅਲੱਗ ਕਿਵੇਂ ਹੈ ?
13. ਕੀ ਪ੍ਰਤੀਨਿਧਤਾ ਇਕਰਾਰਨਾਮਾ ਹੀ ਤੁਹਾਡੀ ਭਵਿੱਖ ਦੀ ਸੰਭਾਲ ਬਾਰੇ ਯੋਜਨਾ ਬਣਾਉਣ ਦਾ ਇੱਕ ਮਾਤਰ ਵਿਕਲਪ ਹੈ ?

ਇਸ ਗਾਈਡ ਨਾਲ ਦੋ ਹੋਰ ਦਸਤਾਵੇਜ਼ ਵੀ ਹਨ :



- **ਬੀ.ਸੀ ਸਰਕਾਰ ਦੇ ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ (ਸੈਕਸ਼ਨ 9) ਦੇ ਫਾਰਮ ਦਾ ਇੱਕ ਗਾਈਡਡ ਟੂਰ,** ਜਿਹੜਾ ਬੀ.ਸੀ. ਸਰਕਾਰ ਵਲੋਂ ਬਣਾਏ ਗਏ ਫਾਰਮ ਨੂੰ ਭਰਨ ਵਾਸਤੇ ਇਸ ਦੇ ਹਰ ਸੈਕਸ਼ਨ ਨੂੰ ਚੰਗੀ ਤਰ੍ਹਾਂ ਸਮਝਾਉਂਦਾ ਹੈ।
- **ਇਕ ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ ਵਿੱਚ ਪ੍ਰਤੀਨਿਧੀ ਬਣਨ ਵਾਸਤੇ ਤੁਹਾਨੂੰ ਕੀ ਜਾਣਨ ਦੀ ਜ਼ਰੂਰਤ ਹੈ,** ਜਿਹੜਾ ਇੱਕ ਪ੍ਰਤੀਨਿਧੀ ਬਣਨ ਵਾਸਤੇ ਤੁਹਾਡੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਦਰਸਾਉਂਦਾ ਹੈ.

ਬੀ.ਸੀ. ਕਾਨੂੰਨ ਵਿੱਚ ਦੋ ਤਰ੍ਹਾਂ ਦੇ ਪ੍ਰਤੀਨਿਧਤਾ ਇਕਰਾਰਨਾਮੇ ਹਨ

- **ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ** ਨੂੰ ਅਕਸਰ ਸੈਕਸ਼ਨ 9 ਪ੍ਰਤੀਨਿਧਤਾ ਇਕਰਾਰਨਾਮਾ ਵੀ ਕਿਹਾ ਜਾਂਦਾ ਹੈ।
  ਇੱਕ ਬਾਲਗ, ਨਿੱਜੀ ਸੰਭਾਲ ਅਤੇ ਸਿਹਤ ਸੰਭਾਲ ਦੇ ਫੈਸਲਿਆਂ, ਜਿਸ ਵਿੱਚ ਜੀਵਨ ਸਹਾਇਤਾ ਅਤੇ ਜੀਵਨ ਵਧਾਉਣ ਵਾਲੇ ਇਲਾਜ ਵੀ ਸ਼ਾਮਲ ਹਨ, ਬਾਰੇ ਕਿਸੇ ਪ੍ਰਤੀਨਿਧੀ ਦੇ ਨਾਂ ਦਾ ਇਕਰਾਰਨਾਮਾ ਬਣਾ ਸਕਦਾ /ਸਕਦੀ ਹੈ, ਜੇ ਉਹ ਉਸ ਦਸਤਾਵੇਜ਼ ਨੂੰ ਅਤੇ ਉਸ ਦੇ ਨਤੀਜਿਆਂ ਨੂੰ ਸਮਝਦਾ / ਸਮਝਦੀ ਹੋਵੇ।
- **ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮੇ** ਨੂੰ ਸੈਕਸ਼ਨ 7 ਪ੍ਰਤੀਨਿਧਤਾ ਇਕਰਾਰਨਾਮਾ ਵੀ ਕਿਹਾ ਜਾਂਦਾ ਹੈ।
  ਇੱਕ ਬਾਲਗ ਜਿਸ ਨੂੰ ਕੁੱਝ ਕੁ ਜਾਣਕਾਰੀ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ, ਕਿਸੇ ਪ੍ਰਤੀਨਿਧੀ ਦੇ ਨਾਂ ਦਾ ਇਕਰਾਰਨਾਮਾ ਬਣਾ ਸਕਦਾ ਹੈ, ਜਿਹੜਾ ਕਿ ਨਿੱਜੀ ਸੰਭਾਲ ਅਤੇ ਸਿਹਤ ਸੰਭਾਲ ਸੰਬੰਧੀ ਫੈਸਲੇ ਲੈ ਸਕਦਾ ਹੈ ਅਤੇ ਉਸ ਆਦਮੀ ਦੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਬਾਰੇ ਨਿਯਮਿਤ ਪ੍ਰਬੰਧਨ ਪ੍ਰਦਾਨ ਕਰ ਸਕਦਾ ਹੈ। ਇੱਕ ਸਟੈਂਡਰਡ ਇਕਰਾਰਨਾਮੇ ਵਿੱਚ, ਇੱਕ ਬਾਲਗ ਫੈਸਲਾ ਲੈਣ ਵਿੱਚ ਉਸ ਦੀ ਮਦਦ ਕਰਨ ਲਈ ਕਿਸੇ ਸਹਾਇਕ ਫੈਸਲਾ ਲੈਣ ਵਾਲੇ ਦਾ ਨਾਂ ਵੀ ਦੇ ਸਕਦਾ ਹੈ।

ਇਸ ਦਸਤਾਵੇਜ਼ ਵਿੱਚ ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮੇ ਸੰਬੰਧੀ ਕੋਈ ਵੀ ਜਾਣਕਾਰੀ ਨਹੀਂ ਹੈ।

1 ਇੱਕ ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮਾ ਕੀ ਹੈ?

ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮਾ (ਜਿਸ ਨੂੰ ਅਕਸਰ ਸੈਕਸ਼ਨ 9 ਪ੍ਰਤੀਨਿਧਤਾ ਇਕਰਾਰਨਾਮਾ ਵੀ ਕਿਹਾ ਜਾਂਦਾ ਹੈ) ਇੱਕ ਕਾਨੂੰਨੀ ਦਸਤਾਵੇਜ਼ ਹੈ। ਇਹ ਤੁਹਾਨੂੰ ਉਸ ਵਿਅਕਤੀ ਨੂੰ ਚੁਣਨ ਵਿੱਚ ਸਹਾਇਤਾ ਕਰਦਾ ਹੈ ਜੋ ਤੁਹਾਡੀ **ਸਿਹਤ ਸੰਭਾਲ ਅਤੇ ਨਿੱਜੀ ਸੰਭਾਲ ਸੰਬੰਧੀ ਫੈਸਲੇ** ਲੈਂਦਾ /ਲੈਂਦੀ ਹੈ, ਜਦੋਂ ਤੁਸੀਂ ਆਪਣੇ ਫੈਸਲੇ ਖੁਦ ਨਾ ਕਰਨ ਦਾ ਸਥਿਤੀ ਵਿੱਚ ਹੋਵੋ।

ਸਿਹਤ ਸੰਭਾਲ ਸੰਬੰਧੀ ਫੈਸਲੇ ਤੁਹਾਡੀ ਸਿਹਤ ਨਾਲ ਸੰਬੰਧਤ ਵੱਖ ਵੱਖ ਟੈੱਸਟ, ਇਲਾਜ ਅਤੇ ਪ੍ਰਕਿਰਿਆਵਾਂ ਬਾਰੇ ਹੁੰਦੇ ਹਨ ਜਿਵੇਂ ਕਿ ਸਰਜਰੀ, ਦਵਾਈਆਂ ਅਤੇ ਟੀਕੇ ਆਦਿ।

ਨਿੱਜੀ ਸੰਭਾਲ ਸੰਬੰਧੀ ਫੈਸਲੇ ਤੁਹਾਡੀ ਰੋਜ਼ਾਨਾ ਜ਼ਿੰਦਗੀ ਬਾਰੇ ਹੁੰਦੇ ਹਨ ਜਿਵੇਂ ਕਿ ਤੁਸੀਂ ਕਿਥੇ ਰਹਿੰਦੇ ਹੋ, ਕੀ ਖਾਂਦੇ ਹੋ, ਕੀ ਪਹਿਨਦੇ ਹੋ, ਕਿਵੇਂ ਸਫਾਈ ਰੱਖਦੇ ਹੋ ਅਤੇ ਕੀ ਕੀ ਕੰਮ ਕਰਦੇ ਹੋ।

ਆਪਣੇ ਖੁਦ ਦੇ ਫੈਸਲੇ ਲੈਣ ਤੋਂ ਅਸਮਰਥ ਹੋਣ ਨੂੰ ਅਯੋਗ ਹੋਣਾ ਕਹਿੰਦੇ ਹਨ। ਇਹ ਕਿਸੇ ਬਿਮਾਰੀ, ਸੱਟ ਜਾਂ ਅਪਾਹਜਤਾ ਕਰਕੇ ਹੋ ਸਕਦਾ ਹੈ। ਇਹ ਅਸਥਾਈ ਜਾਂ ਸਥਾਈ ਵੀ ਹੋ ਸਕਦਾ ਹੈ।

ਯੋਗ ਹੋਣ ਦਾ ਮਤਲਬ ਕਿ ਤੁਸੀਂ ਤੁਹਾਨੂੰ ਦਿੱਤੀ ਗਈ ਸਾਰੀ ਜਾਣਕਾਰੀ ਨੂੰ ਸਮਝਦੇ ਹੋ ਅਤੇ ਫੈਸਲਾ ਲੈ ਸਕਦੇ ਹੋ। ਇੱਕ ਵਿਅਕਤੀ ਉਦੋਂ ਤੱਕ ਸਮਰੱਥ ਮੰਨਿਆ ਜਾਂਦਾ ਹੈ ਜਦੋਂ ਤੱਕ ਇਸ ਦੇ ਉਲਟ ਸੋਚਣ ਦਾ ਕੋਈ ਕਾਰਨ ਨਾ ਹੋਵੇ। ਅਯੋਗਤਾ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਇਹ ਬਹੁਤ ਹੀ ਖਾਸ ਫੈਸਲਾ ਹੈ।

ਕ੍ਰਿਪਾ ਕਰਕੇ ਨੋਟ ਕਰੋ: ਹਰ ਇੱਕ ਨੂੰ ਆਪਣੇ ਸਿਹਤ ਸੰਭਾਲ ਸੰਬੰਧੀ ਫੈਸਲਿਆਂ ਨੂੰ ਦੱਸਣ ਵਿੱਚ ਸਮਰੱਥਨ ਅਤੇ ਸਹਾਇਤਾ ਲੈਣ ਦਾ ਪੂਰਾ ਹੱਕ ਹੈ। ਉਦਾਹਰਨ ਦੇ ਤੌਰ ਤੇ ਜੇ ਕੋਈ ਵਿਅਕਤੀ ਵੱਖਰੀ ਭਾਸ਼ਾ ਬੋਲਦਾ ਹੈ ਤਾਂ ਸਹਾਇਤਾ ਦੁਭਾਸ਼ੀਏ ਦੇ ਰੂਪ ਵਿੱਚ ਹੋ ਸਕਦੀ ਹੈ। ਜੇ ਕੋਈ ਵਿਅਕਤੀ ਬੋਲ ਨਹੀਂ ਸਕਦਾ ਅਤੇ ਉਹ ਸਿਰ ਹਿਲਾ ਕੇ ਜਾਂ ਸਰੀਰ ਦੀ ਭਾਸ਼ਾ ਵਰਤ ਕੇ ਆਪਣੀ ਗੱਲ ਦੂਜਿਆਂ ਨੂੰ ਦੱਸ ਸਕਦਾ ਹੈ, ਇਸ ਸਥਿਤੀ ਵਿੱਚ ਸਹਾਇਤਾ ਉਸ ਵਿਅਕਤੀ ਦੀ ਸੇਵਾ ਲੈ ਕੇ ਹੋ ਸਕਦੀ ਹੈ ਜੋ ਉਸ ਦੀ ਸਰੀਰਕ ਭਾਸ਼ਾ ਨੂੰ ਸਮਝ ਸਕੇ।

ਜਿਸ ਵਿਅਕਤੀ ਨੂੰ ਤੁਸੀਂ ਆਪਣੇ ਵਾਸਤੇ ਫੈਸਲੇ ਲੈਣ ਲਈ ਚੁਣਦੇ ਹੋ, ਉਹ **ਪ੍ਰਤੀਨਿਧੀ** ਅਖਵਾਉਂਦਾ ਹੈ।

ਤੁਸੀਂ ਇੱਕ ਪ੍ਰਤੀਨਿਧੀ ਦਾ ਨਾਂ ਲੈ ਸਕਦੇ ਹੋ। ਜਾਂ ਤੁਸੀਂ ਇੱਕ ਤੋਂ ਵੱਧ ਪ੍ਰਤੀਨਿਧੀਆਂ ਦਾ ਨਾਂ ਵੀ ਲੈ ਸਕਦੇ ਹੋ, ਅਤੇ ਆਪਣੇ ਪ੍ਰਤੀਨਿਧਤਾ ਇਕਰਾਰਨਾਮੇ ਵਿੱਚ ਲਿੱਖ ਸਕਦੇ ਹੋ ਕਿ ਉਹ ਤੁਹਾਡੇ ਮੁਤਾਬਕ ਸਾਰੇ ਇਕੱਠੇ ਕਿਵੇਂ ਕੰਮ ਕਰਨਗੇ। ਤੁਸੀਂ ਇੱਕ ਤੋਂ ਵੱਧ ਬਦਲਵੇਂ ਪ੍ਰਤੀਨਿਧੀਆਂ ਦੇ ਨਾਂ ਵੀ ਦੇ ਸਕਦੇ ਹੋ, ਜੋ ਉਸ ਸਮੇਂ ਕੰਮ ਕਰਨਗੇ ਜਦੋਂ ਤੁਹਾਡੇ ਪ੍ਰਤੀਨਿਧੀ ਤੁਹਾਡੇ ਵਾਸਤੇ ਕੰਮ ਨਾ ਕਰ ਸਕਣ।

ਤੁਹਾਡੇ ਪ੍ਰਤੀਨਿਧੀ ਨੂੰ ਆਪਣੀ ਭੂਮਿਕਾ ਨਿਭਾਉਣ ਵਾਸਤੇ ਇਹ ਜ਼ਰੂਰੀ ਹੈ ਕਿ ਉਸ ਨੂੰ ਤੁਹਾਡੀ ਸਿਹਤ ਅਤੇ ਨਿੱਜੀ ਸੰਭਾਲ ਸੰਬੰਧੀ ਤਹਾਡੀਆਂ ਕਦਰਾਂ ਕੀਮਤਾਂ, ਵਿਸਵਾਸ਼ ਅਤੇ ਇੱਛਾਵਾਂ ਦਾ ਪਤਾ ਹੋਵੇ।

② ਇੱਕ ਪ੍ਰਤੀਨਿਧੀ ਕੀ ਕੀ ਫੈਸਲੇ ਲੈ ਸਕਦਾ ਹੈ ?

ਜੋ ਤੁਸੀਂ ਇਕਰਾਰਨਾਮੇ ਵਿੱਚ ਨਿਰਧਾਰਤ ਕਰਦੇ ਹੋ, ਉਹ ਫੈਸਲੇ ਹੀ ਤੁਹਾਡਾ ਪ੍ਰਤੀਨਿਧੀ ਲੈ ਸਕਦਾ / ਸਕਦੀ ਹੈ। ਵਿਆਪਕ ਪੱਧਰ ਤੇ ਤੁਹਾਡਾ ਪ੍ਰਤੀਨਿਧੀ **ਤੁਹਾਡੀ ਸਿਹਤ ਸੰਭਾਲ ਜਾਂ ਨਿੱਜੀ ਸੰਭਾਲ ਬਾਰੇ ਕੋਈ ਵੀ ਫੈਸਲਾ ਜਿਹੜਾ ਉਨ੍ਹਾਂ ਨੂੰ ਲੱਗੇ ਕਿ ਇਹ ਜ਼ਰੂਰੀ ਹੈ**, ਲੈ ਸਕਦਾ / ਸਕਦੀ ਹੈ।

ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮਾ ਤੁਹਾਨੂੰ ਕੋਈ ਵਿੱਤੀ ਜਾਂ ਕਾਨੂੰਨੀ ਫੈਸਲੇ ਲੈਣ ਲਈ ਕਿਸੇ ਵਿਅਕਤੀ ਨੂੰ ਚੁਣਨ ਦੀ ਆਗਿਆ ਨਹੀਂ ਦਿੰਦਾ। ਇਸ ਵਾਸਤੇ ਸਹਿਣਸ਼ੀਲ ਮੁਖਤਿਆਰਨਾਮਾ ਜਾਂ ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮੇ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਤੁਹਾਡਾ ਪ੍ਰਤੀਨਿਧਤਾ ਇਕਰਾਰਨਾਮਾ ਹੇਠ ਲਿਖੇ ਸਿਹਤ ਸੰਭਾਲ ਅਤੇ ਨਿੱਜੀ ਸੰਭਾਲ ਦੇ ਫੈਸਲੇ ਲੈ ਸਕਦਾ ਹੈ :

- ਤੁਸੀਂ ਕਿੱਥੇ ਰਹਿੰਦੇ ਹੋ, ਚਾਹੇ ਤੁਸੀਂ ਕਿਸੇ ਕੇਅਰ ਫੈਸਿਲਟੀ ਵਿੱਚ ਹੀ ਰਹਿ ਰਹੇ ਹੋਵੋ।
- ਤੁਹਾਨੂੰ ਕੌਣ ਸੰਪਰਕ ਕਰ ਸਕਦਾ ਹੈ ?
- ਰੋਜ਼ਾਨਾ ਜ਼ਿੰਦਗੀ ਦੇ ਫੈਸਲੇ ਜਿਨ੍ਹਾਂ ਵਿੱਚ ਤੁਹਾਡੇ ਖਾਣ-ਪਾਣ ਦੇ ਫੈਸਲੈ ਵੀ ਸ਼ਾਮਲ ਹਨ।
- ਸਿਹਤ ਸੰਭਾਲ ਲਈ ਸਹਿਮਤੀ ਦੇਣਾ ਜਾਂ ਮਨ੍ਹਾ ਕਰਨਾ, ਜਿਸ ਦਾ ਮਤਲਬ ਹੈ ਕਿ ਤੁਹਾਡੀ ਸਿਹਤ ਵਾਸਤੇ ਕੁੱਝ ਵੀ ਕੀਤਾ ਜਾਣਾ। *ਇਸ ਵਿੱਚ ਜੀਵਨ ਸਹਾਇਤਾ ਸੰਬੰਧੀ ਇਲਾਜ ਬਾਰੇ ਸਹਿਮਤੀ ਦੇਣਾ ਜਾਂ ਮਨ੍ਹਾਂ ਕਰਨਾ ਵੀ ਸ਼ਾਮਲ ਹੈ।*
- ਕਿਸੇ ਵੀ ਡਾਕਟਰੀ ਖੋਜ ਅਧਿਐਨ ਵਿੱਚ ਸ਼ਮੂਲੀਅਤ, ਜੇ ਉਸ ਅਧਿਐਨ ਨੂੰ ਨੈਤਕਿਤਾ ਕਮੇਟੀ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ।
- ਜੇ ਜ਼ਰੂਰੀ ਹੋਵੇ ਤਾਂ ਤੁਹਾਡੀ ਸਿਹਤ ਸੰਭਾਲ ਅਤੇ ਨਿੱਜੀ ਸੰਭਾਲ ਲਈ ਤੁਹਾਨੂੰ ਸਰੀਰਕ ਤੌਰ ਤੇ ਸੀਮਤ ਕਰ ਕੇ ਰੋਕ ਲਗਾਉਣੀ।

ਕੋਈ ਵੀ ਫੈਸਲਾ ਜਿਹੜਾ ਤੁਹਾਨੂੰ ਲਗਦਾ ਹੈ ਕਿ ਤੁਹਾਡਾ ਪ੍ਰਤੀਨਿਧੀ ਇਸ ਨੂੰ ਲੈਣ ਦੇ ਯੋਗ ਨਹੀਂ ਹੋਵੇਗਾ, ਉਸ ਨੂੰ ਤੁਸੀਂ ਇਕਰਾਰਨਾਮੇ ਵਿੱਚ ਦੱਸ ਸਕਦੇ ਹੋ।

ਅਜਿਹੀਆਂ ਚੀਜ਼ਾਂ ਜਿਹੜੀਆਂ ਤੁਹਾਡਾ ਪ੍ਰਤੀਨਿਧੀ ਉਦੋਂ ਤੱਕ **ਨਹੀਂ ਕਰ ਸਕਦਾ** ਜਦੋਂ ਤੱਕ ਤੁਸੀਂ ਇਕਰਾਰਨਾਮੇ ਵਿੱਚ ਇਨ੍ਹਾਂ ਨੂੰ ਕਰਨ ਦੀ ਇਜ਼ਾਜ਼ਤ ਨਾ ਦਿੱਤੀ ਹੋਵੇ। ਇਸ ਵਿੱਚ ਸ਼ਾਮਲ ਹਨ :

- ਕਿਸੇ ਖਾਸ ਕਿਸਮ ਦੀ ਸਿਹਤ ਸੰਭਾਲ ਬਾਰੇ ਫੈਸਲੇ, ਜਿਸ ਵਿੱਚ ਸ਼ਾਮਲ ਹਨ :
    - ਕੁੱਝ ਮਾਨਸਿਕ ਸਿਹਤ ਨਾਲ ਸੰਬੰਧਤ ਇਲਾਜ,
    - ਟਰਾਂਸਪਲਾਂਟ, ਸਿੱਖਿਆ ਜਾਂ ਖੋਜ ਲਈ ਸਰੀਰ ਦੇ ਕਿਸੇ ਅੰਗ ਜਾਂ ਟਿਸ਼ੂ ਨੂੰ ਕੱਢਣਾ ,
    - ਗਰਭਪਾਤ ਜਾਂ ਉਹ ਇਲਾਜ ਜਿਹੜੇ ਤੁਹਾਨੂੰ ਬਾਂਝ ਬਣਾ ਦੇਣ, ਜਦੋਂ ਤੱਕ ਤੁਹਾਡੀ ਸਿਹਤ ਵਾਸਤੇ ਇਹ ਜ਼ਰੂਰੀ ਨਾ ਹੋਣ ਜਾਂ,
    - ਪ੍ਰਯੋਗਾਤਮਕ ਸਿਹਤ ਸੰਭਾਲ ਜਿਹੜੀ ਕਿ ਕਿਸੇ ਨੈਤਿਕ ਕਮੇਟੀ ਵੱਲੋਂ ਮੰਨਜ਼ੂਰ ਨਾ ਕੀਤੀ ਗਈ ਹੋਵੇ
- ਆਪਣੇ ਬੱਚਿਆਂ (19 ਸਾਲ ਤੋਂ ਘੱਟ) ਦੇ ਜਾਂ ਜਿਹੜੇ ਲੋਕਾਂ ਦੀ ਤੁਸੀਂ ਸੰਭਾਲ ਕਰਦੇ ਹੋ, ਦੀ ਆਰਜ਼ੀ ਸੰਭਾਲ ਅਤੇ ਪੜ੍ਹਾਈ ਬਾਰੇ ਫੈਸਲੇ ਲੈਣੇ
- ਜੇ ਤੁਹਾਡੀਆਂ ਕਿਸੇ ਧਾਰਮਿਕ ਪ੍ਰਥਾਵਾਂ ਵਿੱਚ ਦਖਲ-ਅੰਦਾਜ਼ੀ ਹੋਵੇ।

ਇਹ ਸੂਚੀ ਪੂਰੀ ਨਹੀਂ ਹੈ ; ਜੇ ਤੁਸੀਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਕਿਸੇ ਵਕੀਲ ਨਾਲ ਸਲਾਹ ਕਰੋ

ਮੀ ਦੀ ਕਹਾਣੀ

ਮੇਰੀ ਮਾਂ ਨੂੰ ਦਿਲ ਅਤੇ ਦਿਮਾਗ ਦਾ ਦੌਰਾ ਪਿਆ ਅਤੇ ਉਸ ਨੂੰ ਇੰਟੈਸਿਵ ਕੇਅਰ ਵਿੱਚ ਦਾਖਲ ਕਰਵਾਉਣਾ ਪਿਆ। ਉਸ ਦੇ ਡਾਕਟਰ ਨੇ ਮੈਨੂੰ ਅਤੇ ਮੇਰੇ ਦੋ ਭੈਣ-ਭਰਾਵਾਂ ਨੂੰ ਦੱਸਿਆ ਕਿ ਠੀਕ ਹੋਣ ਦੀ ਸੰਭਾਵਨਾ ਬਹੁਤ ਹੀ ਘੱਟ ਹੈ। ਮੇਰੀ ਭੈਣ, ਯਿੰਗ ਚਾਹੁੰਦੀ ਸੀ ਕਿ ਮਾਂ ਦੀ ਮੌਤ ਸੁਖਾਲੀ ਹੋਵੇ ਅਤੇ ਇਸ ਲਈ ਜੀਵਨ ਸਹਾਇਤਾ ਇਲਾਜ ਵਾਸਤੇ ਸਹਿਮਤੀ ਨਹੀਂ ਸੀ ਦੇਣਾ ਚਾਹੁੰਦੀ। ਪਰ ਮੇਰਾ ਭਰਾ, ਵਾਈ, ਚਾਹੁੰਦਾ ਸੀ ਕਿ ਜਦੋਂ ਤੱਕ ਸੰਭਵ ਹੋਵੇ ਤੱਦ ਤੱਕ ਉਸ ਨੂੰ ਹਸਪਤਾਲ ਵਿੱਚ ਮਸ਼ੀਨਾਂ ਦੀ ਸਹਾਇਤਾ ਨਾਲ ਜਿੰਦਾ ਰੱਖਿਆ ਜਾਵੇ।

ਸਾਡੇ ਸਭਿਆਚਾਰ ਵਿੱਚ, ਵਾਈ, ਆਦਮੀ ਹੋਣ ਦੇ ਨਾਤੇ ਸਾਰੇ ਫੈਸਲਾ ਲੈਂਦਾ ਹੈ। ਪਰ ਮੇਰੀ ਮਾਂ ਯਿੰਗ ਨਾਲ ਰਹਿੰਦੀ ਸੀ, ਇਸ ਲਈ ਉਸ ਨੂੰ ਮੇਰੀ ਮਾਂ ਦੀ ਸਿਹਤ ਅਤੇ ਉਸ ਦੀਆਂ ਇੱਛਾਵਾਂ ਦਾ ਪਤਾ ਸੀ। ਮੈਂ ਅਤੇ ਯਿੰਗ ਦੋਵਾਂ ਨੇ ਇਹੀ ਸੋਚਿਆ ਜੋ ਕਿ ਮਾਂ ਚਾਹੁੰਦੀ ਸੀ। ਇਸ ਕਰਕੇ ਸਾਡੇ ਘਰ ਕਾਫੀ ਵੱਡਾ ਕਲੇਸ਼ ਪਿਆ।

ਚੂੰਕਿ ਮੇਰੀ ਮਾਂ ਦਾ ਕੋਈ ਪ੍ਰਤੀਨਿਧਤਾ ਇਕਰਾਰਨਾਮਾ ਨਹੀਂ ਸੀ, ਇਸ ਕਰਕੇ ਮੇਰੀ ਮਾਂ ਦੇ ਡਾਕਟਰ ਨੂੰ ਇਹ ਫੈਸਲਾ ਲੈਣਾ ਪਿਆ ਕਿ ਕਿਸ ਨੂੰ ਕੰਮ-ਚਲਾਊ ਫੈਸਲਾ ਲੈਣ ਵਾਲਾ ਬਦਲਵਾਂ ਵਿਅਕਤੀ ਚੁਣਿਆ ਜਾਵੇ। ਉਸ ਨੇ ਯਿੰਗ ਨੂੰ ਚੁਣਿਆ ਅਤੇ ਮੇਰੀ ਮਾਂ ਨੂੰ ਜੀਵਨ ਸਹਾਇਤਾ ਇਲਾਜ ਤੋਂ ਹਟਾ ਦਿੱਤਾ ਗਿਆ। ਵਾਈ ਨੂੰ ਅਜੇ ਵੀ ਇਸ ਗੱਲ ਦਾ ਗੁੱਸਾ ਹੈ।

ਜੇ ਸਾਡੀ ਮਾਂ ਨੇ ਪ੍ਰਤੀਨਿਧਤਾ ਇਕਰਾਰਨਾਮਾ ਬਣਾਇਆ ਹੁੰਦਾ ਤਾਂ ਇਹ ਸਾਫ ਹੁੰਦਾ ਕਿ ਉਹ ਕਿਸ ਨੂੰ ਆਪਣੇ ਵਾਸਤੇ ਫੈਸਲਾ ਲੈਣ ਲਈ ਚੁਣਨਾ ਚਾਹੁੰਦੀ ਹੈ ਅਤੇ ਹੋ ਸਕਦਾ ਹੈ ਕਿ ਸਾਡੇ ਵਿੱਚ ਕੋਈ ਟਕਰਾਅ ਵੀ ਨਾ ਹੁੰਦਾ।

3 ਤੁਹਾਨੂੰ ਇੱਕ ਕਿਉਂ ਬਣਾਉਣਾ ਚਾਹੀਦਾ ਹੈ ?

ਇਹ ਕੁੱਝ ਕਾਰਨ ਹਨ ਕਿ ਤੁਹਾਨੂੰ ਪ੍ਰਤੀਨਿਧਤਾ ਇਕਰਾਰਨਾਮਾ ਕਿਉਂ ਬਣਾਉਣਾ ਚਾਹੀਦਾ ਹੈ :

- ਤੁਸੀਂ ਉਸ ਨੂੰ ਚੁਣਨਾ ਚਾਹੁੰਦੇ ਹੋ ਜੋ ਤੁਹਾਡੇ ਵਾਸਤੇ **ਸਿਹਤ ਸੰਭਾਲ ਸੰਬੰਧੀ ਫੈਸਲੇ** ਲਏ ਜਦੋਂ ਤੁਸੀਂ ਇਨ੍ਹਾਂ ਨੂੰ ਆਪ ਨਾ ਲੈ ਸਕੋ।
- ਤੁਸੀਂ ਉਸ ਨੂੰ ਚੁਣਨਾ ਚਾਹੁੰਦੇ ਹੋ ਜੋ ਤੁਹਾਡੇ ਵਾਸਤੇ **ਨਿੱਜੀ ਸੰਭਾਲ ਸੰਬੰਧੀ ਫੈਸਲੇ** ਲਏ ਜਦੋਂ ਤੁਸੀਂ ਇਨ੍ਹਾਂ ਨੂੰ ਆਪ ਨਾ ਲੈ ਸਕੋ
- ਤੁਸੀਂ ਆਪਣੇ ਫੈਸਲਾ ਲੈਣ ਵਾਲਿਆਂ ਵਿੱਚ ਇੱਕਸਾਰਤਾ ਚਾਹੁੰਦੇ ਹੋ।
- ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਕਾਨੂੰਨ ਦੁਆਰਾ ਨਿਰਧਾਰਤ ਸੂਚੀ ਵਿਚੋਂ ਕੰਮ-ਚਲਾਊ ਫੈਸਲਾ ਲੈਣ ਵਾਲਾ ਬਦਲਵਾਂ ਵਿਅਕਤੀ ਚੁਣੇ।
- ਤੁਸੀਂ ਇਹ ਸੁਨਿਸ਼ਚਿਤ ਕਰਨਾ ਚਾਹੁੰਦੇ ਹੋ ਕਿ ਤੁਹਾਡੇ ਪਰਿਵਾਰ ਅਤੇ ਦੋਸਤਾਂ ਨੂੰ ਇਹ ਪਤਾ ਹੋਵੇ ਕਿ ਤੁਸੀਂ ਆਪਣੇ ਫੈਸਲੈ ਲੈਣ ਵਾਸਤੇ **ਕਿਸ ਨੂੰ ਚੁਣਿਆ** ਹੈ। ਇਹ ਪਰਿਵਾਰਕ ਵਿਵਾਦ ਤੋਂ ਬਚਣ ਵਿੱਚ ਮਦਦ ਕਰ ਸਕਦਾ ਹੈ।

ਜੇ ਤੁਸੀਂ ਸਮਰੱਥ ਨਹੀਂ ਹੋ ਅਤੇ ਤੁਹਾਡਾ ਕੋਈ ਪ੍ਰਤੀਨਿਧੀ ਵੀ ਨਹੀਂ ਹੈ, ਤਾਂ ਕਾਨੂੰਨ ਇਹ ਨਿਰਧਾਰਤ ਕਰਦਾ ਹੈ ਕਿ ਤੁਹਾਡਾ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ, ਤੁਹਾਡੇ ਸਿਹਤ ਸੰਭਾਲ ਦੇ ਫੈਸਲਿਆਂ ਵਾਸਤੇ ਕਿਸ ਨੂੰ **ਕੰਮ ਚਲਾਊ ਫੈਸਲਾ ਲੈਣ ਵਾਲਾ ਵਿਅਕਤੀ** ਚੁਣੇਗਾ।

4 ਕੌਣ ਇਹ ਬਣਾ ਸਕਦਾ ਹੈ ?

ਕੋਈ ਵੀ 19 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਵਿਅਕਤੀ ਜੋ ਕਿ ਇਕਰਾਰਨਾਮੇ ਦੀ ਕਿਸਮ ਅਤੇ ਇਸ ਦੇ ਨਤੀਜਿਆਂ ਨੂੰ ਸਮਝਦਾ ਹੋਵੇ, ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮਾ ਬਣਾ ਸਕਦਾ ਹੈ।

ਪ੍ਰਤੀਨਿਧਤਾ ਇਕਰਾਰਨਾਮੇ ਨੂੰ ਪੂਰਾ ਕਰਨਾ ਪੂਰੀ ਤਰ੍ਹਾਂ ਸਵੈਇੱਛੁੱਕ ਹੈ।

5 ਇਸ ਨੂੰ ਬਣਾਉਣ ਦਾ ਸਹੀ ਸਮਾਂ ਕਿਹੜਾ ਹੈ ?

ਇਹ ਉਹ ਚੀਜ਼ ਹੈ ਕਿ ਜਿਸ ਬਾਰੇ ਹਰ ਬਾਲਗ ਨੂੰ ਸੋਚਣਾ ਚਾਹੀਦਾ ਹੈ, ਚਾਹੇ ਉਹ ਪੂਰੀ ਤਰ੍ਹਾਂ ਸਵੱਸਥ ਹੀ ਕਿਉਂ ਨਾ ਹੋਣ। ਪ੍ਰਤੀਨਿਧਤਾ ਇਕਰਾਰਨਾਮੇ ਨੂੰ ਬਣਾਉਣ ਦਾ ਸਭ ਤੋਂ ਵਧੀਆ ਸਮਾਂ ਤੁਹਾਡੇ ਕਿਸੇ ਸੰਕਟ ਦਾ ਸਾਹਮਣਾ ਕਰਨ ਤੋਂ ਪਹਿਲਾਂ ਜਾਂ ਕਿਸੇ ਗੰਭੀਰ ਬਿਮਾਰੀ ਹੋਣ ਤੋਂ ਪਹਿਲਾਂ ਹੁੰਦਾ ਹੈ।

6 ਕਿਸ ਨੂੰ ਪ੍ਰਤੀਨਿਧੀ ਜਾਂ ਉਸ ਦਾ ਵਿਕਲਪ ਨਿਯੁਕਤ ਕੀਤਾ ਜਾ ਸਕਦਾ ਹੈ ?

ਆਪਣੇ ਪ੍ਰਤੀਨਿਧੀ ਜਾਂ ਇਸ ਦੇ ਬਦਲ ਵਜੋਂ ਤੁਹਾਡੇ ਲਈ ਫੈਸਲੇ ਲੈਣ ਲਈ ਜਿਸ ਵਿਅਕਤੀ ਨੂੰ ਤੁਸੀਂ ਚੁਣਦੇ ਹੋ, ਉਸ ਦੀ ਉਮਰ 19 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ। ਜੇ ਤੁਸੀਂ ਕਿਸੇ 18 ਸਾਲ ਦੀ ਉਮਰ ਜਾਂ ਇਸ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਇਸ ਵਾਸਤੇ ਨਿਯੁਕਤ ਕਰਦੇ ਹੋ ਤਾਂ ਉਹ ਜਦੋਂ ਤੱਕ 19 ਸਾਲ ਦੇ ਨਹੀਂ ਹੁੰਦੇ, ਉਹ ਤੁਹਾਡੇ ਵਾਸਤੇ ਫੈਸਲੇ ਨਹੀਂ ਲੈ ਸਕਦੇ। ਉਹ ਯੋਗ ਹੋਣੇ ਚਾਹੀਦੇ ਹਨ।

ਉਹ ਵਿਅਕਤੀ ਤੁਹਾਡਾ ਪ੍ਰਤੀਨਿਧੀ ਨਹੀਂ ਹੋ ਸਕਦਾ ਜਿਸ ਨੂੰ ਤੁਹਾਡੀ ਸਿਹਤ ਸੰਭਾਲ ਜਾਂ ਨਿੱਜੀ ਸੰਭਾਲ ਵਾਸਤੇ ਪੈਸੇ ਦੀ ਅਦਾਇਗੀ ਕੀਤੀ ਹੋਵੇ। ਨਾ ਹੀ ਉਹ ਕਿਸੇ ਅਜਿਹੀ ਸੰਸਥਾ ਦੇ ਕਰਮਚਾਰੀ ਹੋ ਸਕਦੇ ਹਨ ਜਿਥੇ ਤੁਸੀਂ ਰਹਿੰਦੇ ਹੋ ਅਤੇ ਉਹ ਸੰਸਥਾ ਤੁਹਾਨੂੰ ਸਿਹਤ ਅਤੇ ਨਿੱਜੀ ਸੰਭਾਲ ਮੁਹੱਈਆ ਕਰਵਾਉਂਦੀ ਹੋਵੇ। (ਇਹ ਪਾਬੰਦੀਆਂ ਉਸ ਸਮੇਂ ਲਾਗੂ ਨਹੀਂ ਹੁੰਦੀਆਂ ਜਦੋਂ ਦੇਖਭਾਲ ਪ੍ਰਦਾਨ ਕਰਨ ਵਾਲਾ ਕਰਮਚਾਰੀ ਤੁਹਾਡਾ ਬੇਟਾ, ਮਾਪਿਆਂ ਜਾਂ ਪਤੀ-ਪਤਨੀ ਵਿਚੋਂ ਹੋਵੇ।

ਜਿਹੜਾ ਵਿਅਕਤੀ ਤੁਸੀਂ ਚੁਣਦੇ ਹੋ ਉਹ ਤੁਹਾਡਾ ਪਰਿਵਾਰਕ ਮੈਂਬਰ ਜਾਂ ਨਜ਼ਦੀਕੀ ਦੋਸਤ ਹੋ ਸਕਦਾ ਹੈ।

ਤੁਹਾਡੇ ਪ੍ਰਤੀਨਿਧੀ ਲਈ ਇੱਕ ਚੰਗੀ ਚੋਣ ਉਹ ਹੈ ਜੋ :

- ਜੋ ਤੁਹਾਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ ਅਤੇ ਤੁਹਾਡੀ ਸਿਹਤ ਅਤੇ ਨਿੱਜੀ ਸੰਭਾਲ ਸੰਬੰਧੀ ਤੁਹਾਡੀਆਂ ਕਦਰਾਂ ਕੀਮਤਾਂ, ਵਿਸਵਾਸ਼ ਅਤੇ ਇੱਛਾਵਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੋਵੇ।
- ਤੁਹਾਡੀਆਂ ਇੱਛਾਵਾਂ ਅਤੇ ਨਿਰਦੇਸ਼ਾਂ ਦਾ ਸਨਮਾਨ ਕਰੇ ਚਾਹੇ ਇਹ ਉਸ ਦੀਆਂ ਆਪਣੀਆਂ ਇੱਛਾਵਾਂ ਤੋਂ ਵੱਖਰੀਆਂ ਹੀ ਕਿਉਂ ਨਾ ਹੋਣ। (ਸਪਸ਼ਟ ਹੋਣ ਲਈ, ਇਹ ਕਾਨੂੰਨੀ ਤੌਰ ਤੇ ਉਨ੍ਹਾਂ ਦੀ ਭੂਮਿਕਾ ਹੈ।)
- ਕਿਸੇ ਵੀ ਸੰਕਟ ਵਿੱਚ ਸ਼ਾਂਤ ਰਹੇ
- ਤੁਹਾਡੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਨਾਲ ਗੱਲਬਾਤ ਕਰ ਸਕੇ, ਤੁਹਾਡੀ ਵਕਾਲਤ ਕਰ ਸਕੇ ਅਤੇ ਜੋ ਇਲਾਜ ਤੁਸੀਂ ਆਪਣੇ ਵਾਸਤੇ ਨਹੀਂ ਚਾਹੁੰਦੇ, ਉਸ ਨੂੰ ਮੰਨਣ ਵਾਸਤੇ ਮਜ਼ਬੂਰ ਨਾ ਹੋਵੇ।
- ਵਿਵਾਦ ਜਾਂ ਅਸਹਿਮਤੀਆਂ ਦਾ ਮੁਕਾਬਲਾ ਕਰ ਸਕੇ।
- ਇਹ ਭੂਮਿਕਾ ਸਵੀਕਾਰ ਕਰਨ ਵਾਸਤੇ ਤਿਆਰ ਅਤੇ ਉਪਲਬਧ ਹੋਵੇ।

ਤੁਹਾਡੇ ਪ੍ਰਤੀਨਿਧੀ ਨੂੰ ਸਥਾਨਕ ਤੌਰ ਤੇ ਰਹਿਣ ਦੀ ਲੋੜ ਨਹੀਂ ਹੈ। ਪ੍ਰਤੀਨਿਧਤਾ ਇਕਰਾਰਨਾਮਾ ਅਧਿਨਿਯਮ ਭੂਗੋਲਿਕ ਅਧਾਰ ਤੇ ਕਿਸੇ ਪ੍ਰਤੀਨਿਧੀ ਦੀ ਚੋਣ ਸੀਮਤ ਨਹੀਂ ਕਰਦਾ। ਕਿਉਂਕਿ ਤੁਹਾਡੇ ਪ੍ਰਤੀਨਿਧੀ ਨੂੰ ਕਿਸੇ ਵੀ ਤਰ੍ਹਾਂ ਦੀ ਐਮਰਜੰਸੀ ਵਿੱਚ ਸੰਪਰਕ ਕਰਨਾ ਪੈ ਸਕਦਾ ਹੈ ਇਸ ਲਈ ਇਸ ਗੱਲ ਦਾ ਖਿਆਲ ਰੱਖੋ ਕਿ ਉਸ ਨਾਲ ਸੰਪਰਕ ਕਰਨਾ ਆਸਾਨ ਹੋਵੇ

ਤੁਹਾਡੇ ਪ੍ਰਤੀਨਿਧੀ ਨੂੰ ਅੰਗ੍ਰੇਜ਼ੀ ਬੋਲਣਾ ਜ਼ਰੂਰੀ ਨਹੀਂ. ਹਾਲਾਂਕਿ ਉਸ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਨਾਲ, ਜਿਨ੍ਹਾਂ ਵਿੱਚ ਜ਼ਿਆਦਾਤਰ ਅੰਗ੍ਰੇਜ਼ੀ ਬੋਲਦੇ ਹਨ, ਗੱਲਬਾਤ ਕਰਨ ਦੀ ਲੋੜ ਪਵੇਗੀ, ਇਸ ਵਾਸਤੇ ਦੁਭਾਸ਼ੀਏ ਸਿਹਤ ਸੰਭਾਲ ਪ੍ਰਣਾਲੀ ਵਿੱਚ ਮਿਲ ਜਾਂਦੇ ਹਨ ਪਰ ਕਈ ਵਾਰ ਉਹ (ਦੁਭਾਸ਼ੀਏ) ਉਸ ਜਗ੍ਹਾ ਤੇ ਨਹੀਂ ਹੁੰਦੇ ਜਾਂ ਤੁਰੰਤ ਉਪਲਬਧ ਨਾ ਹੁੰਦੇ

ਪ੍ਰਤੀਨਿਧੀ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਦਸਤਾਵੇਜ਼ ਵਿੱਚ ਸਮਝਾਈਆਂ ਗਈਆਂ ਹਨ ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ ਵਿੱਚ ਪ੍ਰਤੀਨਿਧੀ ਬਣਨ ਵਾਸਤੇ ਤੁਹਾਨੂੰ ਕੀ ਕੁੱਝ ਜਾਣਨ ਦੀ ਜ਼ਰੂਰਤ ਹੈ

ਅਰਜਨ ਦੀ ਕਹਾਣੀ



ਮੈਂ 10 ਸਾਲ ਪਹਿਲਾਂ ਆਪਣੀ ਧਰਮ ਪਤਨੀ ਰਾਣੀ ਅਤੇ 3 ਬੱਚਿਆਂ ਨਾਲ ਕੈਨੇਡਾ ਆਇਆ। ਰਾਣੀ ਅਤੇ ਮੈਂ ਆਪਣੇ ਸਭ ਤੋਂ ਵੱਡੇ ਪੁੱਤਰ ਜੀਤ ਅਤੇ ਉਸਦੀ ਪਤਨੀ ਨਾਲ ਰਹਿੰਦੇ ਹਾਂ। ਮੈਨੂੰ ਕਈ ਗੰਭੀਰ ਬਿਮਾਰੀਆਂ ਹਨ ਅਤੇ ਜੀਤ ਮੈਨੂੰ ਡਾਕਟਰ ਕੋਲ ਲੈ ਕੇ ਜਾਂਦਾ ਹੈ। ਮੇਰੇ ਡਾਕਟਰ ਨੇ ਮੈਨੂੰ ਅਡਵਾਂਸ ਕੇਅਰ ਪਲੈਨਿੰਗ ਕਰਨ ਵਾਸਤੇ ਕਿਹਾ ਤਾਂ ਕਿ ਜੇ ਮੈ ਕੋਈ ਫੈਸਲਾ ਲੈਣ ਦੇ ਯੋਗ ਨਾ ਹੋਵਾਂ ਤਾਂ ਮੇਰੇ ਪਰਿਵਾਰ ਨੂੰ ਮੇਰੀਆਂ ਇੱਛਾਵਾਂ ਦਾ ਪਤਾ ਹੋਵੇ।

ਮੈਂ ਆਪਣੇ ਪਰਿਵਾਰ ਨਾਲ ਗੱਲ ਕੀਤੀ.ਅਸੀਂ ਫੈਸਲਾ ਲਿਆ ਕਿ ਜੇ ਮੈਂ ਆਪਣੀ ਸਿਹਤ ਸੰਭਾਲ ਸੰਬੰਧੀ ਫੈਸਲੇ ਨਾ ਲੈ ਪਾਵਾਂ ਤਾਂ ਜੀਤ ਮੇਰੇ ਵਾਸਤੇ ਇਹ ਫੈਸਲੇ ਲਏਗਾ। ਚਾਹੇ ਰਾਣੀ ਮੇਰੀਆਂ ਇੱਛਾਵਾਂ ਜਾਣਦੀ ਹੈ, ਪਰ ਮੈਨੂੰ ਲੱਗਦਾ ਹੈ ਕਿ ਜੀਤ ਬਿਹਤਰ ਫੈਸਲਾ ਕਰ ਪਾਵੇਗਾ। ਰਾਣੀ ਨੂੰ ਡਾਕਟਰਾਂ ਨਾਲ ਅੰਗ੍ਰੇਜ਼ੀ ਵਿੱਚ ਗੱਲ ਕਰਨ ਵਿੱਚ ਝਿਜਕ ਹੁੰਦੀ ਹੈ ਅਤੇ ਉਸ ਨੂੰ ਮੁਸ਼ਕਲ ਫੈਸਲੇ ਲੈਣ ਤੋਂ ਵੀ ਘਬਰਾਉਂਦੀ ਹੈ। ਅਸੀਂ ਇਸ ਗੱਲ ਤੇ ਸਹਿਮਤ ਹੋਏ ਕਿ ਜੀਤ, ਰਾਣੀ ਨੂੰ ਵੀ ਫੈਸਲੇ ਵਿੱਚ ਸ਼ਾਮਲ ਕਰੇਗਾ ਪਰ ਆਖਰੀ ਫੈਸਲਾ ਜੀਤ ਦਾ ਹੀ ਹੋਏਗਾ।

ਚਾਹੇ ਰਾਣੀ ਕਾਨੂੰਨੀ ਤੌਰ ਤੇ ਕੰਮ-ਚਲਾਊ ਫੈਸਲਾ ਲੈਣ ਵਾਲੇ ਬਦਲਵੇਂ ਵਿਅਕਤੀ ਦੇ ਤੌਰ ਤੇ ਹੈ, ਪਰ ਮੈਂ ਪ੍ਰਤੀਨਿਧਤਾ ਇਕਰਾਰਨਾਮੇ ਰਾਹੀਂ ਜੀਤ ਨੂੰ ਆਪਣਾ ਪ੍ਰਤੀਨਿਧੀ ਨਿਯੁਕਤ ਕੀਤਾ ਹੈ। ਮੈਂ ਆਪਣੇ ਛੋਟੇ ਪੁੱਤਰ ਨੂੰ ਵੀ ਵਿਕਲਪ ਦੇ ਤੌਰ ਤੇ ਨਾਮਜ਼ਦ ਕੀਤਾ ਹੈ, ਜੇ ਜੀਤ ਮੌਜੂਦ ਨਾ ਹੋਵੇ।

7 ਇਸ ਨੂੰ ਬਣਾਉਣ ਵਾਸਤੇ ਕਾਨੂੰਨੀ ਜ਼ਰੂਰਤਾਂ ਕੀ ਹਨ?

ਤੁਹਾਨੂੰ ਪ੍ਰਤੀਨਿਧਤਾ ਇਕਰਾਰਨਾਮਾ ਬਣਾਉਣ ਵਾਸਤੇ ਕਿਸੇ ਡਾਕਟਰ, ਵਕੀਲ ਜਾਂ ਪਬਲਿਕ ਨੋਟਰੀ ਦੀ ਕੋਈ ਲੋੜ ਨਹੀਂ ਹੈ।

ਇਸ ਦਸਤਾਵੇਜ਼ ਤੇ ਤੁਹਾਡੇ ਵੱਲੋਂ, ਤੁਹਾਡੇ ਪ੍ਰਤੀਨਿਧੀ ਅਤੇ ਗਵਾਹਾਂ ਦੁਆਰਾ ਦਸਤਖਤ ਕਰਨ ਦੀ ਲੋੜ ਹੈ।

ਪ੍ਰਤੀਨਿਧਤਾ ਇਕਰਾਰਨਾਮੇ ਲਈ ਕਿਸੇ ਇੱਕ ਖਾਸ ਤਰ੍ਹਾਂ ਦੇ ਫਾਰਮ ਦੀ ਜ਼ਰੂਰਤ ਨਹੀਂ ਹੈ। ਬੀ.ਸੀ. ਸਰਕਾਰ ਵੱਲੋਂ ਬਣਾਇਆ ਗਿਆ ਫਾਰਮ ਤੁਸੀ ਵਰਤ ਸਕਦੇ ਹੋ। ਇਸ ਤੋਂ ਇਲਾਵਾ ਕਈ ਸੰਸਥਾਵਾਂ ਵੱਲੋਂ ਵੀ ਇਹ ਫਾਰਮ ਬਣਾਏ ਗਏ ਹਨ। ਇਨ੍ਹਾਂ ਫਾਰਮਾਂ ਵਿੱਚ ਕੁੱਝ ਅੰਤਰ ਹੋ ਸਕਦਾ ਹੈ। ਜੋ ਫਾਰਮ ਤੁਸੀਂ ਵਰਤ ਰਹੇ ਹੋ, ਉਸ ਨੂੰ ਧਿਆਨ ਨਾਲ ਪੜ੍ਹੋ। ਜਿਹੜਾ ਫਾਰਮ ਤੁਹਾਡੇ ਵਾਸਤੇ ਵਧੀਆ ਹੈ, ਉਸ ਨੂੰ ਹੀ ਚੁਣੋ। ਉਦਾਹਰਨ ਦੇ ਤੌਰ ਤੇ ਜਿਹੜਾ ਫਾਰਮ ਪ੍ਰਤੀਨਿਧੀਆਂ ਜਾਂ ਉਨ੍ਹਾਂ ਦੇ ਵਿਕਲਪਾਂ ਦੀ ਗਿਣਤੀ ਜਿਨ੍ਹਾਂ ਨੂੰ ਤੁਸੀਂ ਇਸ ਵਾਸਤੇ ਨਿਯੁਕਤ ਕਰਨਾ ਚਾਹੁੰਦੇ ਹੋ ਵਾਸਤੇ ਵਧੀਆ ਹੈ ਜਾਂ ਉਹ ਫਾਰਮ ਜਿਸ ਵਿੱਚ ਉਹ ਸ਼ਰਤਾਂ ਜਿਨ੍ਹਾਂ ਨੂੰ ਕਿਸੇ ਵਿਕਲਪ ਦੇ ਪ੍ਰਤੀਨਿਧੀ ਬਣਨ ਵਾਸਤੇ ਪੂਰੀਆਂ ਕਰਨੀਆਂ ਜ਼ਰੂਰੀ ਹਨ, ਬਾਰੇ ਹੈ।

ਜੇ ਤੁਹਾਡੀ ਸਥਿਤੀ ਤੁਹਾਡੇ ਫਾਰਮ ਦੇ ਮੇਚ ਨਹੀਂ ਆਉਂਦੀ ਤਾਂ ਤੁਹਾਨੂੰ ਨਵੇਂ ਫਾਰਮ ਦੀ ਲੋੜ ਪਵੇਗੀ। ਕੋਈ ਵਕੀਲ, ਨੋਟਰੀ ਪਬਲਿਕ ਜਾਂ ਕੇਂਦਰੀ ਨਿੱਜੀ ਯੋਜਨਾਬੰਦੀ ਸਰੋਤ ਸੈਂਟਰ (ਨਾਈਡਸ ਪਰਸਨਲ ਪਲੈਨਿੰਗ ਰਿਸੋਰਸ ਸੈਂਟਰ) ਇਸ ਵਿੱਚ ਤੁਹਾਡੀ ਮਦ ਦਕਰ ਸਕਦੇ ਹਨ। ਕੁੱਝ ਕਾਨੂੰਨੀ ਵਿਕਲਪਾਂ ਇੱਥੇ ਵੇਖੋ।

ਪ੍ਰਤੀਨਿਧਤਾ ਇਕਰਾਰਨਾਮਾ ਅੰਗ੍ਰੇਜ਼ੀ ਵਿੱਚ ਭਰਨਾ ਜ਼ਰੂਰੀ ਹੈ।

ਤੁਹਾਨੂੰ ਪ੍ਰਤੀਨਿਧਤਾ ਇਕਰਾਰਨਾਮੇ ਤੇ ਦਸਤਖਤ ਕਰਨ ਲਈ ਦੋ ਗਵਾਹਾਂ ਦੀ ਜ਼ਰੂਰਤ ਹੈ। ਗਵਾਹ ਉਹ ਹੁੰਦਾ ਹੈ, ਜੋ ਤੁਹਾਨੂੰ ਦਸਤਾਵੇਜ਼ ਤੇ ਦਸਤਖਤ ਕਰਦਾ ਵੇਖਦਾ ਹੈ। ਜੇ ਤੁਹਾਡਾ ਗਵਾਹ ਕੋਈ ਵਕੀਲ ਜਾਂ ਨੋਟਰੀ ਪਬਲਿਕ ਹੋਵੇ ਤਾਂ ਇੱਕ ਗਵਾਹ ਹੀ ਬਹੁਤ ਹੈ।

ਕਿਹੜਾ ਵਿਅਕਤੀ ਗਵਾਹ ਬਣ ਸਕਦਾ ਹੈ ?

ਗਵਾਹ 19 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੋਣਾ ਚਾਹੀਦਾ ਹੈ ਅਤੇ ਸੰਚਾਰ ਦਾ ਉਹ ਮਾਧਿਅਮ ਵਰਤਦਾ ਜਾਂ ਬੋਲਦਾ ਹੋਣਾ ਚਾਹੀਦਾ ਹੈ ਜੋ ਤੁਸੀਂ ਵਰਤਦੇ ਹੋਵੋ। ਇਹ ਅੰਗ੍ਰੇਜ਼ੀ ਤੋਂ ਬਿਨਾ ਕੋਈ ਹੋਰ ਭਾਸ਼ਾ ਜਾਂ ਸੰਕੇਤਕ ਭਾਸ਼ਾ ਵੀ ਹੋ ਸਕਦੀ ਹੈ। ਤੁਹਾਡਾ ਗਵਾਹ ਇਹ **ਨਹੀਂ ਬਣ ਸਕਦਾ** :

- ਇਕਰਾਰਨਾਮੇ ਵਿੱਚ ਨਾਮਜ਼ਦ ਪ੍ਰਤੀਨਿਧੀ ਜਾਂ ਉਸ ਦਾ ਵਿਕਲਪ
- ਇਕਰਾਰਨਾਮੇ ਵਿੱਚ ਨਾਮਜ਼ਦ ਪਤੀ-ਪਤਨੀ ਜਾਂ ਕਾਨੂੰਨ ਅਨੁਸਾਰ ਮਾਨਤਾ ਪ੍ਰਾਪਤ ਵਿਅਕਤੀ ਜੋ ਤੁਹਾਡੇ ਨਾਲ ਰਹਿੰਦਾ ਹੈ, ਬੱਚੇ, ਮਾਪੇ ਜਾਂ ਪ੍ਰਤੀਨਿਧੀ ਦਾ ਕੋਈ ਕਰਮਚਾਰੀ ਜਾਂ ਉਸ ਦਾ ਕੋਈ ਵਿਕਲਪ

ਗਵਾਹ ਕੋਈ ਵੀ ਉਹ ਵਿਅਕਤੀ ਹੋ ਸਕਦਾ ਹੈ ਜਿਸ ਨੂੰ ਤੁਸੀਂ ਕਿਸੇ ਸਹਾਇਤਾ ਵਾਸਤੇ ਭੁਗਤਾਨ ਕੀਤਾ ਹੋਵੇ ਜਿਵੇਂ ਕਿ ਹਸਪਤਾਲ, ਮੈਡੀਕਲ ਕਲੀਨਿਕ ਜਾਂ ਡਾਕਟਰ ਦੇ ਦਫਤਰ ਦਾ ਕੋਈ ਕਰਮਚਾਰੀ।

ਤੁਹਾਡੇ ਅਤੇ ਗਵਾਹਾਂ ਦੇ ਦਸਤਖਤ ਕਰਨ ਤੋਂ ਬਾਅਦ ਤੁਹਾਡਾ ਪ੍ਰਤੀਨਿਧੀ ਦਸਤਾਵੇਜ਼ ਤੇ ਦਸਤਖਤ ਕਰ ਸਕਦਾ ਹੈ। (ਅਤੇ ਤੁਹਾਡਾ ਵਿਕਲਪ ਵੀ ਦਸਤਖਤ ਕਰ ਸਕਦਾ ਹੈ, ਜੇ ਤੁਸੀਂ ਕੋਈ ਨਾਮਜ਼ਦ ਕੀਤਾ ਹੈ) ਜੇ ਤੁਸੀਂ ਇੱਕ ਤੋਂ ਵੱਧ ਵਿਅਕਤੀਆਂ ਦਾ ਨਾਮ ਨਾਮਜ਼ਦ ਕੀਤਾ ਹੈ ਤਾਂ ਉਹ ਵੱਖੋ-ਵੱਖਰੇ ਸਮੇਂ ਤੁਹਾਡੇ ਨਾਲ ਜਾਂ ਇੱਕ ਦੂਜੇ ਨਾਲ ਦਸਤਖਤ ਕਰ ਸਕਦੇ ਹਨ।

8 ਸੰਪੂਰਨ ਇਕਰਾਰਨਾਮੇ ਨਾਲ ਤੁਹਾਨੂੰ ਕੀ ਕਰਨਾ ਚਾਹੀਦਾ ਹੈ ?

ਤੁਹਾਨੂੰ ਸੰਪੁਰਨ ਇਕਰਾਰਨਾਮਾ ਇੱਕ ਸੁਰੱਖਿਅਤ ਅਤੇ ਪਹੁੰਚਯੋਗ ਜਗ੍ਹਾ ਤੇ ਰੱਖਣਾ ਚਾਹੀਦਾ ਹੈ।

ਤੁਹਾਡੀ ਸਿਹਤ ਜਾਂ ਸਿਹਤ ਸੰਭਾਲ ਨਾਲ ਸੰਬੰਧਤ ਦਸਤਾਵੇਜ਼ਾਂ ਨਾਲ ਇਸ ਨੂੰ ਰੱਖਣਾ ਮਦਦਗਾਰ ਹੋਵੇਗਾ। ਸਭ ਤੋਂ ਪਹਿਲਾਂ ਰਿਸਪਾਂਡ ਕਰਨ ਵਾਲੇ ਇਸ ਦਸਤਾਵੇਜ਼ ਨੂੰ ਫਰਿੱਜ ਤੇ ਸਭ ਤੋਂ ਪਹਿਲਾਂ ਦੇਖਦੇ ਹਨ।

ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਪ੍ਰਤੀਨਿਧੀ ਜਾਂ ਉਸ ਦੇ ਵਿਕਲਪ ਕੋਲ ਇਸ ਦੀ ਇੱਕ ਕਾਪੀ ਹੋਵੇ ਅਤੇ ਉਨ੍ਹਾਂ ਨੂੰ ਪਤਾ ਹੋਵੇ ਕਿ ਅਸਲ ਕਾਪੀ ਕਿੱਥੇ ਪਈ ਹੈ। ਤੁਸੀਂ ਇਸ ਦੀ ਇੱਕ ਕਾਪੀ ਆਪਣੇ ਡਾਕਟਰ, ਕਲੀਨਿਕ, ਅਸਿਸਟਡ ਲਿਵਿੰਗ ਫੈਸਲਟੀ, ਪਰਿਵਾਰਕ ਮੈਂਬਰ ਜਾਂ ਦੋਸਤਾਂ ਨੂੰ ਵੀ ਦੇ ਸਕਦੇ ਹੋ।

9 ਤੁਸੀਂ ਇੱਕ ਇਕਰਾਰਨਾਮੇ ਨੂੰ ਕਿਵੇਂ ਬਦਲਦੇ ਜਾਂ ਰੱਦ ਕਰਦੇ ਹੋ ?

ਤੁਸੀਂ ਪ੍ਰਤੀਨਿਧਤਾ ਇਕਰਾਰਨਾਮੇ ਨੂੰ ਕਿਸੇ ਸਮੇਂ ਵੀ ਰੱਦ ਕਰ ਸਕਦੇ ਹੋ, ਜਦ ਤੱਕ ਤੁਸੀਂ ਆਪਣੇ ਵਾਸਤੇ ਫੈਸਲੇ ਲੈਣ ਦੇ ਯੋਗ ਹੋਵੋ।

ਵੱਡੀਆਂ ਤਬਦੀਲੀਆਂ ਕਰਨ ਲਈ ਤੁਸੀਂ ਆਪਣਾ ਪੁਰਾਣਾ ਇਕਰਾਰਨਾਮਾ ਰੱਦ ਕਰ ਸਕਦੇ ਹੋ ਅਤੇ ਨਵਾਂ ਬਣਾ ਸਕਦੇ ਹੋ। ਕੁੱਝ ਪ੍ਰਤੀਨਿਧਤਾ ਇਕਰਾਰਨਾਮਿਆਂ ਦੇ ਫਾਰਮਾਂ ਵਿੱਚ ਇੱਕ ਬਿਆਨ ਸ਼ਾਮਲ ਹੁੰਦਾ ਹੈ ਜੋ ਕਿ ਮੌਜੂਦਾ ਇਕਰਾਰਨਾਮੇ ਨੂੰ ਰੱਦ ਕਰਦਾ ਹੈ। ਬੀ.ਸੀ ਸਰਕਾਰ ਵੱਲੋਂ ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ ਦਾ ਫਾਰਮ ਇਨ੍ਹਾਂ ਵਿੱਚੋਂ ਇੱਕ ਹੈ।

ਮਾਮੂਲੀ ਤਬਦੀਲੀਆਂ ਜਿਵੇਂ ਕਿ ਸਿਰਨਾਵੇ, ਫੋਨ ਨੰਬਰ ਜਾਂ ਕਾਨੂੰਨੀ ਨਾਮ ਦੀ ਤਬਦੀਲੀ ਵਾਸਤੇ ਨਵਾਂ ਇਕਰਾਰਨਾਮਾ ਬਣਾਉਣ ਦੀ ਕੋਈ ਲੋੜ ਨਹੀਂ ਹੈ। ਤੁਸੀਂ ਆਪਣੇ ਮੌਜੂਦਾ ਇਕਰਾਰਨਾਮੇ ਵਿੱਚ ਵੀ ਇਹ ਬਦਲਾਅ ਕਰ ਸਕਦੇ ਹੋ। ਜਿਸ ਜਗ੍ਹਾ ਤੇ ਤੁਸੀਂ ਕੋਈ ਬਦਲਾਅ ਕੀਤਾ ਹੈ ਉਸ ਦੇ ਅੱਗੇ ਗਵਾਹ ਦੀ ਮੌਜੂਦਗੀ ਵਿੱਚ ਤੁਹਾਨੂੰ ਦਸਤਖਤ ਕਰਨਾ ਚਾਹੀਦਾ ਹੈ, ਜਿਵੇਂ ਤੁਸੀਂ ਇਕਰਾਰਨਾਮਾ ਬਣਾਉਣ ਸਮੇਂ ਕੀਤਾ ਸੀ। ਜੇ ਤੁਸੀਂ ਇਸ ਦੀਆਂ ਕਾਪੀਆਂ ਹੋਰ ਲੋਕਾਂ ਨੂੰ ਵੀ ਦਿੱਤੀਆਂ ਹਨ, ਉਨ੍ਹਾਂ ਨੂੰ ਵੀ ਇਨ੍ਹਾਂ ਤਬਦੀਲੀਆਂ ਬਾਰੇ ਦੱਸੋ।

ਰੱਦ ਕਰਨ ਵਾਸਤੇ, ਤੁਹਾਨੂੰ ਇੱਕ ਕਾਨੂੰਨੀ ਦਸਤਾਵੇਜ਼ ਤੇ ਦਸਤਖਤ ਕਰਨੇ ਪੈਣਗੇ ਜਿਸ ਨੂੰ ਰੱਦ ਕਰਨ ਦਾ ਨੋਟਿਸ (ਨੋਟਿਸ ਆਫ ਰੈਵੋਕੇਸ਼ਨ) ਕਹਿੰਦੇ ਹਨ।

ਜੇ ਤੁਸੀਂ ਇਕਰਾਰਨਾਮੇ ਵਿੱਚ ਕਿਸੇ ਤਰ੍ਹਾਂ ਦਾ ਬਦਲਾਅ ਜਾਂ ਇਸ ਨੂੰ ਰੱਦ ਕੀਤਾ ਹੈ ਤਾਂ ਇਹ ਸੁਨਿਸ਼ਿਚਿਤ ਕਰੋ ਕਿ ਇਸ ਦੀ ਇੱਕ ਕਾਪੀ ਤੁਸੀਂ ਆਪਣੇ ਪ੍ਰਤੀਨਿਧੀ, ਕੋਈ ਵਿਕਲਪ ਜਾਂ ਕੋਈ ਹੋਰ ਜਿਸ ਕੋਲ ਇਸ ਦਸਤਾਵੇਜ਼ ਦੀ ਪੁਰਾਣੀ ਕਾਪੀ ਹੋਵੇ, ਨੂੰ ਦੇਵੋ। ਰੱਦ ਕੀਤੇ ਦਸਤਾਵੇਜ਼ ਦੀਆਂ ਕਾਪੀਆਂ ਲੋਕਾਂ ਨੂੰ ਵਾਪਸ ਕਰਨ ਵਾਸਤੇ ਕਹੋ।

10 ਉਦੋਂ ਕੀ ਜੇ ਤੁਹਾਡੇ ਕੋਲ ਪ੍ਰਤੀਨਿਧਤਾ ਇਕਰਾਰਨਾਮਾ ਜਾਂ ਅਗਾਊਂ ਨਿਰਦੇਸ਼ (ਅਡਵਾਂਸ ਡਾਇਰੈਕਟਿਵ) ਹੋਣ?

ਅਗਾਊਂ ਨਿਰਦੇਸ਼ (ਅਡਵਾਂਸ ਡਾਇਰੈਕਟਿਵ) ਇੱਕ ਕਾਨੂੰਨੀ ਦਸਤਾਵੇਜ਼ ਹੈ ਜਿਸ ਵਿੱਚ ਤੁਹਾਡੇ ਸਿਹਤ ਸੰਭਾਲ ਸੰਬੰਧੀ ਖਾਸ ਇਲਾਜਾਂ ਨੂੰ ਸਵੀਕਾਰਨ ਜਾਂ ਇਨਕਾਰ ਕਰਨ ਲਈ ਤੁਹਾਡੇ ਨਿਰਦੇਸ਼ਾਂ ਨੂੰ ਰਿਕਾਰਡ ਕੀਤਾ ਜਾਂਦਾ ਹੈ। ਅਗਾਊਂ ਨਿਰਦੇਸ਼ (ਅਡਵਾਂਸ ਡਾਇਰੈਕਟਿਵ) ਤੁਹਾਡੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨੂੰ ਉਸ ਸਮੇਂ ਨਿਰਦੇਸ਼ ਦਿੰਦਾ ਹੈ ਜਦੋਂ ਤੁਹਾਨੂੰ ਸਿਹਤ ਸੰਭਾਲ ਦੀ ਜ਼ਰੂਰਤ ਹੁੰਦੀ ਹੈ ਅਤੇ ਉਸ ਸਮੇਂ ਤੁਸੀਂ ਆਪਣੀ ਸਹਿਮਤੀ ਦੇਣ ਤੋਂ ਅਸਮਰੱਥ ਹੁੰਦੇ ਹੋ।

ਅਡਵਾਂਸ ਡਾਇਰੈਕਟਿਵ ਬਾਰੇ ਹੋਰ ਜਾਣਕਾਰੀ ਲੈਣ ਲਈ ਇੱਥੇ ਵੇਖੋ।

ਜੇ ਤੁਹਾਡੇ ਕੋਲ ਪ੍ਰਤੀਨਿਧਤਾ ਇਕਰਾਰਨਾਮਾ ਜਾਂ ਅਡਵਾਂਸ ਡਾਇਰੈਕਟਿਵ ਦੋਵੇਂ ਹੋਣ ਤਾਂ ਵੀ ਤੁਹਾਡੇ ਪ੍ਰਤੀਨਿਧੀ ਨੂੰ ਹਰ ਫੈਸਲੇ ਲਈ ਪੁੱਛਿਆ ਜਾਵੇਗਾ, ਜਦ ਤੱਕ ਤੁਸੀਂ ਆਪਣੇ ਪ੍ਰਤੀਨਿਧਤਾ ਇਕਰਾਰਨਾਮੇ ਵਿੱਚ ਇਹ ਨਾ ਲਿਖੋ ਕਿ ਤੁਹਾਡੇ ਅਡਵਾਂਸ ਡਾਇਰੈਕਟਿਵ ਫੈਸਲਿਆਂ ਮੁਤੱਲਕ ਉਨ੍ਹਾਂ ਨੂੰ ਪੁੱਛਣ ਦੀ ਕੋਈ ਲੋੜ ਨਹੀਂ ਹੈ।

ਤੁਹਾਡੇ ਪ੍ਰਤੀਨਿਧੀ ਨੂੰ ਤੁਹਾਡੇ ਵਾਸਤੇ ਫੈਸਲੇ ਲੈਣ ਵਿੱਚ ਅਗਵਾਈ ਪ੍ਰਦਾਨ ਕਰਨ ਲਈ ਤੁਹਾਡੇ ਅਡਵਾਂਸ ਡਾਇਰੈਕਟਿਵ ਦੀ ਵਰਤੋਂ ਕਰਨੀ ਚਾਹੀਦੀ ਹੈ।

11 ਉਸ ਸਮੇਂ ਕੀ ਹੋਵੇਗਾ ਜਦੋਂ ਤੁਹਾਡਾ ਪ੍ਰਤੀਨਿਧੀ ਜਾਂ ਉਸ ਦਾ ਵਿਕਲਪ ਮੌਜੂਦ ਨਾ ਹੋਣ ?

ਜੇ ਫੈਸਲੇ ਲੈਣ ਲਈ ਤੁਹਾਡਾ ਪ੍ਰਤੀਨਿਧੀ ਜਾਂ ਉਸ ਦਾ ਵਿਕਲਪ ਮੌਜੂਦ ਨਾ ਹੋਣ ਜਾਂ ਇਸ ਦੇ ਯੋਗ ਨਾ ਹੋਣ (ਉਦਾਹਰਨ ਦੇ ਤੌਰ ਤੇ ਉਹ ਸਮਰੱਥ ਨਾ ਹੋਣ) ਤਾਂ ਕੰਮ-ਚਲਾਊ ਫੈਸਲਾ ਲੈਣ ਵਾਲੇ ਬਦਲਵੇਂ ਲੋਕਾਂ (ਟੀ.ਐਸ.ਡੀ.ਐਮ.) ਦੀ ਸੂਚੀ ਵਿਚੋਂ ਕਿਸੇ ਵਿਅਕਤੀ ਨੂੰ ਨਿਯੁਕਤ ਕੀਤਾ ਜਾਵੇਗਾ।

ਇੱਕ **ਕੰਮ-ਚਲਾਊ ਫੈਸਲਾ ਲੈਣ ਵਾਲਾ ਬਦਲਵਾਂ ਵਿਅਕਤੀ** ਉਹ ਵਿਅਕਤੀ ਹੁੰਦਾ ਹੈ ਜੋ ਤੁਹਡੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਦੁਆਰਾ ਤੁਹਾਡੇ ਵਾਸਤੇ ਸਿਹਤ ਸੰਭਾਲ ਸੰਬੰਧੀ ਫੈਸਲੇ ਲੈਣ ਵਾਸਤੇ ਚੁਣਿਆ ਜਾਂਦਾ ਹੈ ਜਦੋਂ ਤੁਸੀਂ ਇਸ ਨੂੰ ਲੈਣ ਦੇ ਯੋਗ ਨਾ ਹੋਵੋ ਅਤੇ ਤੁਹਾਡਾ ਕੋਈ ਪ੍ਰਤੀਨਿਧੀ ਜਾਂ ਕੋਈ ਵਿਅਕਤੀਗਤ ਕਮੇਟੀ ਵੀ ਨਾ ਹੋਵੇ (ਜਿਸ ਨੂੰ ਨਿੱਜੀ ਸਰਪ੍ਰਸਤ ਵੀ ਕਿਹਾ ਜਾਂਦਾ ਹੈ)। ਬੀ.ਸੀ ਕਾਨੂੰਨ ਇਸ ਵਾਸਤੇ ਇੱਕ ਸੂਚੀ ਪ੍ਰਦਾਨ ਕਰਦਾ ਹੈ ਕਿ ਜਿਸ ਵਿੱਚ ਪਰਿਭਾਸ਼ਤ ਕੀਤਾ ਗਿਆ ਹੈ ਕਿ ਤੁਹਾਡਾ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਤੁਹਾਡੇ ਸਿਹਤ ਸੰਭਾਲ ਸੰਬੰਧੀ ਫੈਸਲਿਆਂ ਨੂੰ ਲੈਣ ਵਾਸਤੇ ਕਿਸ ਨੂੰ ਚੁਣੇਗਾ।

ਕੰਮ-ਚਲਾਊ ਫੈਸਲਾ ਲੈਣ ਵਾਲੇ ਬਦਲਵੇਂ ਵਿਅਕਤੀ ਬਾਰੇ ਹੋਰ ਜਾਣਕਾਰੀ ਲੈਣ ਲਈ ਇੱਥੇ ਵੇਖੋ।

12 ਇੱਕ ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮਾ, ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ ਤੋਂ ਕਿਵੇਂ ਵੱਖਰਾ ਹੈ ?

ਜੇ ਤੁਸੀਂ ਕਾਨੂੰਨਨ ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮਾ ਨਹੀਂ ਬਣਾ ਸਕਦੇ, ਤਾਂ ਵੀ ਤੁਸੀਂ ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮਾ (ਜਿਸ ਨੂੰ ਅਕਸਰ ਸੈਕਸ਼ਨ 7 ਇਕਰਾਰਨਾਮਾ ਵੀ ਕਿਹਾ ਜਾਂਦਾ ਹੈ) ਬਣਾ ਸਕਦੇ ਹੋ . ਕਾਨੂੰਨ ਅਨੁਸਾਰ ਇੱਕ ਬਾਲਗ, ਚਾਹੇ ਉਹ ਆਪਣੀ ਸਿਹਤ ਅਤੇ ਨਿੱਜੀ ਸੰਭਾਲ ਕਰਨ ਦੇ ਜਾਂ ਵਿੱਤੀ ਮਾਮਲਿਆਂ ਨੂੰ ਨਜਿੱਠਣ ਦੇ ਯੋਗ ਨਾ ਵੀ ਹੋਵੇ, ਤਾਂ ਵੀ ਉਹ ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮਾ ਬਣਾ ਸਕਦਾ ਹੈ।

ਇੱਕ ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮੇ ਦੇ ਤਹਿਤ ਇੱਕ ਪ੍ਰਤੀਨਿਧੀ ਰੋਜ਼ਾਨਾ ਦੇ ਵਿੱਤੀ ਫੈਸਲੇ ਅਤੇ ਸਿਹਤ ਸੰਭਾਲ ਅਤੇ ਨਿੱਜੀ ਸੰਭਾਲ ਸੰਬੰਧੀ ਜ਼ਿਆਦਾਤਰ ਫੈਸਲੇ (ਸਾਰੇ ਨਹੀਂ) ਜੋ ਕਿ ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ ਦੇ ਅਧੀਨ ਆਉਂਦੇ ਹਨ, ਲੈ ਸਕਦਾ ਹੈ। ਉਦਾਹਰਨ ਦੇ ਤੌਰ ਤੇ ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ ਦੇ ਤਹਿਤ, ਤੁਹਾਡਾ ਪ੍ਰਤੀਨਿਧੀ ਜੀਵਨ ਸਹਾਇਤਾ ਸੰਬੰਧੀ ਇਲਾਜਾਂ ਬਾਰੇ ਮਨ੍ਹਾ ਕਰ ਸਕਦਾ ਹੈ। ਪਰ ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮੇ ਦੇ ਤਹਿਤ ਤੁਹਾਡਾ ਪ੍ਰਤੀਨਿਧੀ ਅਜਿਹਾ ਨਹੀਂ ਕਰ ਸਕਦਾ।

ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮੇ ਬਾਰੇ ਹੋਰ ਜਾਣਕਾਰੀ ਲੈਣ ਲਈ ਇੱਥੇ ਵੇਖੋ

13 ਕੀ ਪ੍ਰਤੀਨਿਧਤਾ ਇਕਰਾਰਨਾਮਾ ਹੀ ਤੁਹਾਡੇ ਭਵਿੱਖ ਦੀ ਸਿਹਤ ਦੀ ਯੋਜਨਾ ਲਈ ਇੱਕ-ਮਾਤਰ ਜ਼ਰੀਆ ਹੈ ?

ਇੱਕ ਪ੍ਰਤੀਨਿਧਤਾ ਇਕਰਾਰਨਾਮਾ ਤੁਹਾਡੇ ਭਵਿੱਖ ਦੀ ਦੇਖਭਾਲ ਲਈ ਯੋਜਨਾਬੰਦੀ ਜਿਸ ਨੂੰ "ਅਡਵਾਂਸ ਕੇਅਰ ਪਲੈਨਿੰਗ" ਵੀ ਕਿਹਾ ਜਾਂਦਾ ਹੈ, ਦਾ ਮਾਤਰ ਇੱਕ ਹਿੱਸਾ ਹੈ। ਵੱਖ ਵੱਖ ਨਿੱਜੀ ਹਾਲਾਤ ਇਹ ਪ੍ਰਭਾਵਿਤ ਕਰਦੇ ਹਨ ਕਿ ਤੁਸੀਂ ਕਿਹੜੇ ਦਸਤਾਵੇਜ਼ ਬਣਾਉਣੇ ਹਨ। ਜੇ ਤੁਸੀਂ ਸਿਰਫ ਇੱਕ ਚੀਜ਼ ਹੀ ਕਰਨੀ ਹੋਵੇ ਤਾਂ ਉਹ ਇਹ ਕਿ ਤੁਹਾਡੀਆਂ ਕਦਰਾਂ-ਕੀਮਤਾਂ, ਵਿਸਵਾਸ਼ ਅਤੇ ਇੱਛਾਵਾਂ ਦਾ ਉਨ੍ਹਾਂ ਲੋਕਾਂ ਨੂੰ ਪਤਾ ਹੋਵੇ ਜਿਨ੍ਹਾਂ ਤੇ ਤੁਸੀਂ ਸਭ ਤੋਂ ਵੱਧ ਵਿਸਵਾਸ਼ ਕਰਦੇ ਹੋ (ਤੁਹਾਡੇ ਨਜ਼ਦੀਕੀ ਪਰਿਵਾਰਕ ਮੈਂਬਰ ਜਾਂ ਦੋਸਤ)।

ਅਡਵਾਂਸ ਕੇਅਰ ਪਲੈਨਿੰਗ ਦੇ ਬਾਕੀ ਹਿੱਸਿਆਂ ਬਾਰੇ ਹੋਰ ਜਾਣਕਾਰੀ ਇੱਥੇ ਉਪਲਬਧ ਹੈ www.bc-cpc.ca/acp

ਯੋਜਨਾਬੰਦੀ ਦੇ ਹੋਰ ਸਾਧਨਾਂ, ਜਿਸ ਵਿੱਚ ਸਟੈਂਡਰਡ ਪ੍ਰਤੀਨਿਧਤਾ ਇਕਰਾਰਨਾਮਾ (ਸੈਕਸ਼ਨ 7 ਇਕਰਾਰਨਾਮਾ) ਅਤੇ ਸਹਿਣਸ਼ੀਲ ਮੁਖਤਿਆਰਨਾਮਾ ਵੀ ਸ਼ਾਮਲ ਹੈ, ਬਾਰੇ ਵਧੇਰੇ ਜਾਣਕਾਰੀ ਲੈਣ ਲਈ, ਬੀ.ਸੀ. ਦੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਇਹ ਸਰੋਤ ਵੇਖੋ ਇਹ ਤੁਹਡਜ਼ੀ ਚੋਣ ਹੈ ਨਿਾਜੀ ਪਲੈਨਿੰਗ ਲਈ ਸਡਧਨ

ਇਹ ਦਸਤਾਵੇਜ਼ ਐਨਹੈਂਸਡ ਪ੍ਰਤੀਨਿਧਤਾ ਇਕਰਾਰਨਾਮੇ (ਸੈਕਸ਼ਨ 9 ਦਾ ਇਕਰਾਰਨਾਮਾ) ਬਾਰੇ ਸਧਾਰਨ ਜਾਣਕਾਰੀ ਪ੍ਰਦਾਨ ਕਰਦਾ ਹੈ ਅਤੇ ਇਹ ਬ੍ਰਿਟਿਸ਼ ਕੋਲੰਬੀਆਂ ਵਿੱਚ ਰਹਿੰਦੇ ਲੋਕਾਂ ਵਾਸਤੇ ਖਾਸ ਹੈ। ਇੱਥੇ ਦਿੱਤੀ ਗਈ ਸਮੱਗਰੀ ਕੋਈ ਕਾਨੂੰਨੀ ਸਲਾਹ ਨਹੀਂ ਹੈ।

ਇਹ ਜਾਣਕਾਰੀ ਰਵਾਇਤੀ ਚੀਨੀ, ਸਰਲ ਚੀਨੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਵੀ ਉਪਲਬਧ ਹੈ।

ਇਹ ਦਸਤਾਵੇਜ਼ ਬ੍ਰਿਟਿਸ਼ ਕੋਲੰਬੀਆ ਵਿੱਚ ਬੀ.ਸੀ. ਸੈਂਟਰ ਫਾਰ ਪੈਲੀਏਟਿਵ ਕੇਅਰ ਜੋ ਕਿ ਗੈਰ- ਮੁਨਾਫਾ ਸੰਗਠਨ ਹੈ, ਵੱਲੋਂ ਤਿਆਰ ਕੀਤਾ ਗਿਆ। ਸਾਡੇ ਨਾਲ office@bc-cpc.ca ਤੇ ਸੰਪਰਕ ਕਰੋ।

ਕਾਨੂੰਨੀ ਪ੍ਰਮਾਣਿਕਤਾ ਵਾਸਤੇ ਕਰਿਸਟਾ ਜੇਮਜ਼, ਰਾਸ਼ਟਰੀ ਡਾਇਰੈਕਟਰ, ਕੈਨੇਡੀਅਨ ਸੈਂਟਰ ਫਾਰ ਐਲਡਰ ਲਾਅ ਐਂਡ ਸਟਾਫ ਲੋਇਰ, ਬੀ.ਸੀ. ਕਾਨੂੰਨੀ ਸੰਸਥਾਨ ਵੱਲੋਂ ਇਸ ਦੀ ਸਮੀਖਿਆ ਕੀਤੀ ਗਈ। ਮਾਰਚ 2021

ਇਸ ਕਾਗਜ਼ਾਤ ਦਾ ਉਤਪਾਦਨ ਹੈਲਥ ਕੈਨੇਡਾ ਦੇ ਵਿੱਤੀ ਯੋਗਦਾਨ ਰਾਹੀਂ ਸੰਭਵ ਹੋਇਆ ਹੈ।ਇੱਥੇ ਪ੍ਰਗਟ ਕੀਤੇ ਗਏ ਵਿਚਾਰ ਜ਼ਰੂਰੀ ਤੌਰ ਤੇ ਹੈਲਥ ਕੈਨੇਡਾ ਦੇ ਵਿਚਾਰਾਂ ਦੀ ਨੁਮਾਇੰਦਗੀ ਨਹੀਂ ਕਰਦੇ।
Production of this document has been made possible thanks to funding from Health Canada.
The views expressed herein do not necessarily represent the views of Health Canada.

This work is licensed under a Creative Commons Attribution-Noncommercial-NoDerivatives 4.0 International License.